# TODAY'S HUKAMNAMA FROM SRI DARBAR SAHIB
# Sri Amritsar.

## [July 1, 2013, Monday 04:30 AM. IST]

ਸਲੋਕ ਮਃ ੫ ॥

ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥ ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥ ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥੧॥ ਮਃ ੫ ॥ ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥ ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥ ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥ ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥ ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥ ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥ ਪਉੜੀ ॥ ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥ ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥ ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥ ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥

ਪ੍ਰਮੇਸ਼ਵਰ ਦੀ ਸ਼ਰਨ ਲੈਣ ਨਾਲ ਜੀਵ ਦੀ ਹਰ ਪ੍ਰਕਾਰ ਸੁਰੱਖਿਆ ਜੋ ਜਾਂਦੀ ਹੈ ।ਇਹ ਸ਼ਰਨ ਗੁਰੂ ਪਿਆਰੇ ਸਤਿਸਗੀਆਂ ਦੀ ਸੰਗਤ ਨਾਲ ਮਿਲਦੀ ਹੈ ।ਜਿਨ੍ਹਾਂ ਪਾਸੋਂ ਇਹ ਸੋਝੀ ਮਿਲਦੀ ਹੈ ਕਿ ਜਿਸ ਪ੍ਰਮੇਸ਼ਰ ਨੇ ਸਾਨੂੰ ਪੈਦਾ ਕੀਤਾ ਹੈ ਉਸਦੇ ਸਿਮਰਨ ਨਾਲ ਮਨੁੱਖ ਦਾ ਜੀਵਨ ਸਫ਼ਲ ਹੁੰਦਾ ਹੈ ।ਇਸ ਨਾਲ ਵਾਹਿਗੁਰੂ ਦੇ ਹੁਕਮ ਦੀ ਸਮਝ ਆਉਂਦੀ ਹੈ ਤੇ ਉਸਨੂੰ ਮੰਨਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ।ਪਰੰਤੂ ਇਹ ਦਾਤ ਵੀ ਪ੍ਰਭੂ ਦੀ ਕਿਰਪਾ ਨਾਲ ਹੀ ਮਿਲਦੀ ਹੈ । ਪ੍ਰਭੂ ਤੋਂ ਭਟਕੇ ਹੋਏ ਮਨਮੁੱਖ ਗੁਰੂ ਪਿਆਰੇ ਸੰਤਾ ਭਗਤਾਂ ਦੀ ਨਿਦਿਆ ਕਰਦੇ ਹਨ ਜਿਸ ਨਾਲ ਉਨ੍ਹਾਂ ਦੀ ਆਤਮਿਕ ਮੌਤ ਹੁੰਦੀ ਹੈ । ਪ੍ਰਭੂ ਦੇ ਸੇਵਕਾਂ ਨੂੰ ਦੁੱਖੀ ਕਰਨ ਵਾਲੇ ਦੁਸਟ ਬੜਾ ਦੁੱਖ ਭੋਗਦੇ ਹਨ ਤੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ ।ਪ੍ਰਭੂ ਆਪਣੇ ਸੇਵਕਾਂ ਨੂ ਆਪਣੇ ਨਾਲ ਜੋੜ ਕੇ ਉਨ੍ਹਾ ਦੇ ਆਤਮਿਕ ਜੀਵਨ ਦੀ ਰਾਖੀ ਕਰਦਾ ਹੈ ।